Children's Health Queensland Hospital and Health Service | Queensland Government
UBC THE UNIVERSITY OF BRITISH COLUMBIA Action on Sepsis Research Excellence Cluster
The CENTRE for INTERNATIONAL CHILD HEALTH
Provincial Health Services Authority Province-wide solutions. Better health.
CHILD HEALTH BC LEAD BENEFACTOR save on foods

# ਕਿਤੇ ਇਹ ਸੈਪਸਿਸ ਤਾਂ ਨਹੀਂ?

ਆਮ ਇਨਫ਼ੈਕਸ਼ਨਾਂ ਕਾਰਣ ਸੈਪਸਿਸ ਹੋ ਸਕਦਾ ਹੈ ਅਤੇ ਇਸ ਦੇ ਸਿੱਟੇ ਵਜੋਂ ਅੰਗਾਂ ਨੂੰ ਨੁਕਸਾਨ ਅਤੇ ਮੌਤ ਵੀ ਹੋ ਸਕਦੀ ਹੈ।

ਸੈਪਸਿਸ ਹੋਣ ਦੇ ਘੱਟ ਆਸਾਰ ਹੁੰਦੇ ਹਨ ਪਰ ਇਹ ਕਿਸੇ ਵੀ ਬੱਚੇ ਜਾਂ ਬਾਲਗ ਨੂੰ ਹੋ ਸਕਦਾ ਹੈ।

ਇਹ ਜਾਣਨਾ ਮੁਸ਼ਕਲ ਹੋ ਸਕਦਾ ਹੈ ਕਿ ਕੀ ਤੁਹਾਡੇ ਬੱਚੇ ਨੂੰ ਸੈਪਸਿਸ ਹੈ। ਸੈਪਸਿਸ ਦੇ ਲੱਛਣਾਂ ਬਾਰੇ ਪਤਾ ਹੋਣ ਅਤੇ ਛੇਤੀ ਤੋਂ ਛੇਤੀ ਡਾਕਟਰੀ ਮਦਦ ਹਾਸਲ ਕਰਨ ਨਾਲ ਤੁਹਾਡੇ ਬੱਚੇ ਦੀ ਜਾਨ ਬਚ ਸਕਦੀ ਹੈ।

ਸੈਪਸਿਸ ਦੇ ਲੱਛਣ ਬਹੁਤ ਤੇਜ਼ੀ ਨਾਲ ਬਦਲ ਸਕਦੇ ਹਨ। ਜੇ ਤੁਹਾਡਾ ਬੱਚਾ ਹੇਠ ਲਿਖੇ ਕਿਸੇ ਵੀ ਲੱਛਣ ਕਾਰਣ ਬਿਮਾਰ ਹੈ ਤਾਂ ਡਾਕਟਰੀ ਮਦਦ ਹਾਸਲ ਕਰੋ। ਭਾਵੇਂ ਕਿਸੇ ਸਿਹਤ ਸੰਭਾਲ ਪ੍ਰਦਾਤਾ ਨੇ ਹਾਲ ਹੀ ਵਿੱਚ ਤੁਹਾਡੇ ਬੱਚੇ ਨੂੰ ਦੇਖਿਆ ਹੋਵੇ, ਫਿਰ ਵੀ ਡਾਕਟਰੀ ਸਲਾਹ ਪ੍ਰਾਪਤ ਕਰੋ। ਹਮੇਸ਼ਾ ਪੁੱਛੋ,"ਕਿਤੇ ਇਹ ਸੈਪਸਿਸ ਤਾਂ ਨਹੀਂ?"

**ਜੇ ਤੁਹਾਨੂੰ ਕੁਝ ਵੀ ਗੜਬੜ ਲੱਗੇ ਤਾਂ ਮਦਦ ਹਾਸਲ ਕਰੋ। ਤੁਸੀਂ ਆਪਣੇ ਬੱਚੇ ਨੂੰ ਸਭ ਤੋਂ ਵਧੀਆ ਜਾਣਦੇ ਹੋ।**

## ਇਨ੍ਹਾਂ ਵਿੱਚੋਂ ਕਿਸੇ ਵੀ ਲੱਛਣ ਦਾ ਮਤਲਬ ਇਹ ਹੋ ਸਕਦਾ ਹੈ ਕਿ ਤੁਹਾਡੇ ਬੱਚੇ ਦੀ ਤਬੀਅਤ ਬਹੁਤ ਖ਼ਰਾਬ ਹੈ ਅਤੇ ਉਸ ਨੂੰ ਸੈਪਸਿਸ ਹੈ:

**ਉਨੀਂਦਰਾ, ਡਿੱਗਿਆ-ਡਿੱਗਿਆ, ਜਾਗਣ ਵਿੱਚ ਮੁਸ਼ਕਲ**





**ਤੇਜ਼-ਤੇਜ਼ ਜਾਂ ਮੁਸ਼ਕਲ ਨਾਲ ਸਾਹ ਲੈਣਾ**



**ਡਾਕਟਰੀ ਮਦਦ ਹਾਸਲ ਕਰੋ ਤੁਰੰਤ**



**ਛਪਾਕੀ ਜੋ ਦੱਬੇ ਜਾਣ 'ਤੇ ਵੀ ਫਿੱਕੀ ਨਹੀਂ ਪੈਂਦੀ**

**ਠੰਢੀ, ਦਾਗ਼ਦਾਰ, ਨੀਲੀ ਜਾਂ ਪੀਲੀ ਚਮੜੀ**



**ਦੰਦਲ ਪੈਣੀ**



**ਬਹੁਤ ਜ਼ਿਆਦਾ ਦਰਦ ਜਾਂ ਬਹੁਤ ਬੇਅਰਾਮ ਹੋਣਾ**

ਮਈ 2023

Could It Be Sepsis? | Punjabi
ਕੁਈਨਜ਼ਲੈਂਡ ਹਸਪਤਾਲ ਅਤੇ ਹੈਲਥ ਸਰਵਿਸ ਵੱਲੋਂ ਤਿਆਰ ਕੀਤੇ ਵਸੀਲੇ ਤੋਂ ਢਾਲਿਆ ਗਿਆ